ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ, ਸ਼ੁੱਕਰਵਾਰ, 10 ਮਾਰਚ 2017

# ਮਨਾਇਆ ਮਹਿਲਾ ਦਿਵਸ

## ਡਾਕੂਮੈਂਟਰੀਆਂ ਦਿਖਾਈਆਂ; ਮਹਿੰਦੀ ਮੁਕਾਬਲੇ ਵਿੱਚ ਦੀਪਾਲੀ ਰਹੀ ਅੱਵਲ;

ਨਿੱਜੀ ਪੱਤਰ ਪ੍ਰੇਰਕ
ਚਮਕੌਰ ਸਾਹਿਬ, 9 ਮਾਰਚ

ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਵਿੱਚ ਅੱਜ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ, ਜਿਸ ਵਿੱਚ ਪੁਲੀਸ ਕਪਤਾਨ ਏਸ਼ੀਆ ਗੋਲਡ ਮੈਡਲਿਸਟ ਜੇਤੂ ਸ੍ਰੀਮਤੀ ਸੁਰਿੰਦਰਜੀਤ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਮਹਿਲਾ ਦਿਵਸ ਦੀ ਕਨਵੀਨਰ ਡਾ. ਸਰਵੰਤ ਕੌਰ ਸ਼ਾਹੀ ਨੇ ਇਸ ਦਿਨ ਦੇ ਮਹੱਤਵ ਬਾਰੇ ਦੱਸਿਆ। ਕਾਲਜ ਕਮੇਟੀ ਦੇ ਸਕੱਤਰ ਦਵਿੰਦਰ ਸਿੰਘ ਜਟਾਣਾ ਨੇ ਔਰਤਾਂ ਨੂੰ ਮਹਿਲਾ ਦਿਵਸ ਦੀ ਸ਼ੁਰੂਆਤੀ ਸੋਚ ਜਿਸ ਵਿੱਚ ਆਰਥਿਕ ਸ਼ੋਸ਼ਣ ਅਤੇ ਸਮਾਜਿਕ ਨਾ ਬਰਾਬਰੀ ਵਿਰੁੱਧ ਆਵਾਜ਼ ਉਠਾਈ ਗਈ ਸੀ, ਵੱਲ ਉਚੇਚਾ ਧਿਆਨ ਦੇਣ ਲਈ ਕਿਹਾ। ਪ੍ਰੋ. ਮਮਤਾ ਅਰੋੜਾ ਨੇ ਜ਼ੀਰੋ ਤੋਂ ਉੱਠ ਕੇ ਸੰਸਾਰ ਪ੍ਰਸਿੱਧੀ ਹਾਸਲ ਕਰਨ ਵਾਲੀਆਂ ਮਹਿਲਾਵਾਂ ਦੀ ਚਰਚਾ ਕੀਤੀ।

ਇਸ ਮੌਕੇ ਕਰਵਾਏ ਮਹਿੰਦੀ ਮੁਕਾਬਲੇ ਦੌਰਾਨ ਪਹਿਲਾ ਸਥਾਨ ਦੀਪਾਲੀ, ਦੂਸਰਾ ਹਰਪ੍ਰੀਤ ਕੌਰ, ਲੇਖ ਮੁਕਾਬਲੇ ਵਿੱਚ ਪਹਿਲਾ ਪ੍ਰਣਬ ਅਹੂਜਾ, ਦੂਜਾ ਸਥਾਨ ਜੋਤੀ, ਫਾਲਤੂ ਚੀਜ਼ਾਂ ਤੋਂ ਵਰਤਣਯੋਗ ਸਾਮਾਨ ਮੁਕਾਬਲੇ ਵਿੱਚ ਪਹਿਲਾ ਸਥਾਨ ਹਰਲੀਨ ਕੌਰ, ਦੂਜਾ ਸੰਦੀਪ ਕੌਰ, ਪੋਸਟਰ ਮੇਕਿੰਗ ਮੁਕਾਬਲੇ ਵਿੱਚ ਪਹਿਲਾ ਸਥਾਨ ਅਮਨਦੀਪ ਸਿੰਘ, ਦੂਸਰਾ ਰਿੰਪੀ ਨੇ ਪ੍ਰਾਪਤ ਕੀਤਾ, ਨੂੰ ਪੁਲੀਸ ਕਪਤਾਨ ਸ੍ਰੀਮਤੀ ਸੁਰਿੰਦਰਜੀਤ ਕੌਰ ਨੇ ਇਨਾਮ ਵੰਡੇ। ਇਸੇ ਦੌਰਾਨ ਕੰਗ ਮੈਮੋਰੀਅਲ ਇੰਸਟੀਚਿਊਟ ਬਸੀ ਗੁੱਜਰਾਂ ਵਿੱਚ ਮਨਾਏ ਗਏ ਮਹਿਲਾ ਦਿਵਸ ਮੌਕੇ ਸੰਸਥਾ ਦੇ ਨਿਰਦੇਸ਼ਕ ਸਵਰਨ ਸਿੰਘ ਭੰਗੂ ਨੇ



ਬੇਲਾ ਕਾਲਜ ਵਿੱਚ ਜੇਤੂ ਵਿਦਿਆਰਥੀਆਂ ਨੂੰ ਸਨਮਾਨੇ ਜਾਣ ਦਾ ਦ੍ਰਿਸ਼। -ਫੋਟੋ : ਬੱਬੀ